# साड्डे इक बारी आजा ओ रंगीले रसिया/**ਸਾਡੇ ਇੱਕ ਵਾਰੀ ਆਜਾ**

ਸਾਡੇ ਇੱਕ ਵਾਰੀ ਆਜਾ

ਸਾਡੇ, ਇੱਕ ਵਾਰੀ ਆਜਾ, ਓ ਰੰਗੀਲੇ ਰਸੀਆ ॥
ਓ ਰੰਗੀਲੇ ਰਸੀਆ... ਓ ਛਬੀਲੇ ਰਸੀਆ ।
ਓ ਛਬੀਲੇ ਰਸੀਆ... ਓ ਰੰਗੀਲੇ ਰਸੀਆ ।
ਮਿੱਠੀ, ਬਾਂਸੁਰੀ ਸੁਣਾ ਜਾ, ਓ ਰੰਗੀਲੇ ਰਸੀਆ ॥
ਸਾਡੇ, ਇੱਕ ਵਾਰੀ ਆਜਾ, ਓ ਰੰਗੀਲੇ...

ਅੱਖੀਆਂ, ਉਡੀਕਦੀਆਂ, ਦਿਲ ਵਾਜ਼ਾਂ ਮਾਰਦਾ ।
ਆਜਾ ਤੈਨੂੰ, ਵਾਸਤਾ ਏ, ਸ਼ਿਆਮਾ ਮੇਰੇ ਪਿਆਰ ਦਾ ॥
ਮੇਰੇ, ਦਿਲ ਚ ਸਮਾ ਜਾ, ਓ ਰੰਗੀਲੇ ਰਸੀਆ ।
ਸਾਡੇ, ਇੱਕ ਵਾਰੀ ਆਜਾ, ਓ ਰੰਗੀਲੇ...

ਨਿਤ ਉੱਠ, ਤੈਨੂੰ ਮੈਂ, ਇਸ਼ਨਾਨ ਕਰਾਵਾਂ ਮੈਂ ।
ਮੱਖਣ, ਤੇ ਮਿਸ਼ਰੀ, ਤੈਨੂੰ ਖੁਆਵਾਂ ਮੈਂ ॥
ਆ ਕੇ, ਭੋਗ ਲਗਾ ਜਾ, ਓ ਰੰਗੀਲੇ ਰਸੀਆ ।
ਸਾਡੇ, ਇੱਕ ਵਾਰੀ ਆਜਾ, ਓ ਰੰਗੀਲੇ...

ਰਾਹਾਂ ਤੇਰੀ, ਤੱਕਾਂ ਸ਼ਿਆਮਾ, ਯਮੁਨਾ ਕਿਨਾਰੇ ।
ਛੇਤੀ, ਆਜਾ ਮੇਰੇ, ਸ਼ਿਆਮ ਪਿਆਰੇ ॥
ਸਾਨੂੰ, ਚਰਣੀ ਲਗਾ ਲੈ, ਓ ਰੰਗੀਲੇ ਰਸੀਆ ।
ਸਾਡੇ, ਇੱਕ ਵਾਰੀ ਆਜਾ, ਓ ਰੰਗੀਲੇ...

ਜਗ, ਤੋਂ ਕੀ ਲੈਣਾ, ਸਾਡਾ ਤੇਰੇ ਨਾਲ ਪਿਆਰ ਵੇ ।
ਕੁਬਜ਼ਾ, ਤੇ ਅਹਿਲਿਆ ਨੂੰ, ਦਿੱਤਾ ਤੁਸੀਂ ਤਾਰ ਵੇ ॥
ਸਾਡੀ, ਬੇੜੀ ਬੰਨ੍ਹੇ ਲਾ ਜਾ, ਓ ਰੰਗੀਲੇ ਰਸੀਆ ।
ਸਾਡੇ, ਇੱਕ ਵਾਰੀ ਆਜਾ, ਓ ਰੰਗੀਲੇ...

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/36155/title/sade-ikk-vari-aaja-o-rangeele-rasiya

अपने Android मोबाइल पर BhajanGanga App डाउनलोड करें और भजनों का आनंद ले |